DSHS
WASHINGTON STATE
Department of Social and Health Services

ਇਨ੍ਹਾਂ ਵਿਅਕਤੀਆਂ ਲਈ ਸੰਚਾਰ ਦੀਆਂ ਰੁਕਾਵਟਾਂ ਨੂੰ ਦੂਰ ਕਰਨਾ ਜੋ
ਬੋਲੇ • ਘੱਟ ਸੁਣਨ ਵਾਲੇ • ਦੇਰ ਨਾਲ ਬੋਲੇ ਹੋਏ • ਸੁਣਨ-ਦੇਖਣ ਵਿੱਚ ਅਸਮਰੱਥਾ • ਬੋਲਣ ਵਿੱਚ ਅਸਮਰੱਥ ਹਨ

ਦੂਰਸੰਚਾਰ ਉਪਕਰਣ ਲਈ ਅਰਜ਼ੀ
Application for Telecommunication Equipment

ਬੋਲੇ ਅਤੇ ਘੱਟ ਸੁਣਨ ਵਾਲਿਆਂ ਦਾ ਦਫ਼ਤਰ (Office of the Deaf and Hard of Hearing - ODHH) ਦੂਰਸੰਚਾਰ ਉਪਕਰਣ ਵੰਡ (Telecommunication Equipment Distribution - TED) ਪ੍ਰੋਗਰਾਮ ਚਲਾਉਂਦਾ ਹੈ। TED ਪ੍ਰੋਗਰਾਮ ਉਨ੍ਹਾਂ ਲੋਕਾਂ ਨੂੰ ਵਿਸ਼ੇਸ਼ ਦੂਰਸੰਚਾਰ ਉਪਕਰਣ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਸੁਣਨ ਦੀ ਹਾਨੀ ਜਾਂ ਬੋਲਣ ਦੀ ਅਸਮਰੱਥਾ ਹੈ ਤਾਂ ਜੋ ਉਹ ਦੂਰ-ਸੰਚਾਰ ਤੱਕ ਪਹੁੰਚ ਪ੍ਰਾਪਤ ਕਰ ਸਕਣ।

ਵਾਸ਼ਿੰਗਟਨ ਰਾਜ ਦੇ 4 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਨਿਵਾਸੀ ਜੋ ਬੋਲੇ, ਘੱਟ ਸੁਣਨ ਵਾਲੇ, ਦੇਰ ਨਾਲ ਬੋਲੇ ਹੋਏ, ਸੁਣਨ-ਦੇਖਣ ਜਾਂ ਬੋਲਣ ਵਿੱਚ ਅਸਮਰੱਥ ਹਨ, ਦੂਰਸੰਚਾਰ ਉਪਕਰਣ ਪ੍ਰਾਪਤ ਕਰਨ ਲਈ ਅਰਜ਼ੀ ਦੇਣ ਦੇ ਯੋਗ ਹਨ।

ਇਸ ਅਰਜ਼ੀ ਵਿੱਚ ਉਹ ਜਾਣਕਾਰੀ ਮੌਜੂਦ ਹੈ ਜਿਸਦੀ ਤੁਹਾਨੂੰ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਲੋੜ ਹੋਵੇਗੀ। ਜੇਕਰ ਤੁਹਾਡੇ ਕੋਈ ਪ੍ਰਸ਼ਨ ਹਨ ਜਾਂ ਅਰਜ਼ੀ ਭਰਨ ਵਿੱਚ ਮਦਦ ਦੀ ਲੋੜ ਹੈ, ਤਾਂ ਤੁਸੀਂ TED ਪ੍ਰੋਗਰਾਮ ਨਾਲ ਸੰਪਰਕ ਕਰ ਸਕਦੇ ਹੋ।

ਵਿਸ਼ਾ-ਸੂਚੀ

ਮੁੱਖ ਸਫ਼ਾ 1
ਪ੍ਰੋਗਰਾਮ ਜਾਣਕਾਰੀ 2
ਉਪਕਰਣ ਕੈਟਾਲਾਗ ..... 4 - 5
ਅਰਜ਼ੀ ..... 6 – 8*

* ਤੁਹਾਨੂੰ ਇਸ ਫਾਰਮ ਦੇ ਸਾਰੇ ਤਿੰਨ ਪੰਨੇ ਲਾਜ਼ਮੀ ਤੌਰ 'ਤੇ ਵਾਪਸ ਕਰਨੇ ਹੋਣਗੇ।

ਬੋਲੇ ਅਤੇ ਘੱਟ ਸੁਣਨ ਵਾਲਿਆਂ ਦਾ ਦਫ਼ਤਰ (Office of the Deaf and Hard of Hearing - ODHH)
ਦੂਰਸੰਚਾਰ ਉਪਕਰਣ ਵੰਡ (Telecommunication Equipment Distribution - TED) ਪ੍ਰੋਗਰਾਮ

TED Program
PO Box 45301
Olympia, WA 98504-5301

(800) 422-7930 V/TTY
(360) 725-3450 V/TTY
(360) 725-3456 FAX

ਵੀਡੀਓਫ਼ੋਨ: 360-339-7382
ਈ-ਮੇਲ: odhh@dshs.wa.gov
ਵੈੱਬ: http://odhh.dshs.wa.gov

ਉਪਕਰਣ ਪ੍ਰਾਪਤ ਕਰਨ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ:

☐ ਦੂਰਸੰਚਾਰ ਉਪਕਰਣ ਲਈ ਅਰਜ਼ੀ ਨੂੰ ਪੂਰਾ ਕਰਨਾ ਹੈ (ਸਫ਼ਾ 6 ਤੋਂ 8)।

ਅਧੂਰੀ ਅਰਜ਼ੀ ਸੇਵਾ ਹੋਣ ਵਿੱਚ ਦੇਰੀ ਦਾ ਕਾਰਨ ਬਣ ਸਕਦੀ ਹੈ।

ਜੇ ਤੁਹਾਡੀ ਅਰਜ਼ੀ ਅਧੂਰੀ ਹੈ ਜਾਂ ਨਾਮਨਜ਼ੂਰ ਕੀਤੀ ਗਈ ਹੈ ਤਾਂ ਅਸੀਂ ਤੁਹਾਨੂੰ ਇੱਕ ਪੱਤਰ ਭੇਜਾਂਗੇ।

☐ ਆਪਣੀ ਅਰਜ਼ੀ ਨੂੰ ਉੱਪਰ ਦਿੱਤੇ ਪਤੇ 'ਤੇ TED ਪ੍ਰੋਗਰਾਮ ਨੂੰ ਡਾਕ ਰਾਹੀਂ ਭੇਜੋ ਜਾਂ ਇਲੈਕਟ੍ਰਾਨਿਕ ਤੌਰ 'ਤੇ odhh@dshs.wa.gov 'ਤੇ ਭੇਜੋ।

ਜਦੋਂ ਤੁਹਾਡੀ ਅਰਜ਼ੀ ਸਵੀਕਾਰ ਕੀਤੀ ਜਾਂਦੀ ਹੈ ਅਤੇ ਉਸ 'ਤੇ ਪ੍ਰਕਿਰਿਆ ਕੀਤੀ ਜਾਂਦੀ ਹੈ, ਤਾਂ ਅਸੀਂ:

1. ਤੁਹਾਨੂੰ ਇੱਕ ਪੱਤਰ ਭੇਜਾਂਗੇ ਜਿਸ ਵਿੱਚ ਉਪਕਰਣ ਦੀ ਲਾਗਤ ਦਿਖਾਈ ਜਾਵੇਗੀ, ਜੇ ਕੋਈ ਹੈ।
2. ਤੁਹਾਡਾ ਨਾਂ ਅਗਲੀ ਉਪਕਰਣ ਵੰਡ ਸੂਚੀ ਵਿੱਚ ਸ਼ਾਮਲ ਕਰਾਂਗੇ।
3. ਤੁਹਾਨੂੰ ਉਪਕਰਣ ਜਾਰੀ ਕਰਾਂਗੇ।

ਅਰਜ਼ੀ ਪ੍ਰਕਿਰਿਆ ਬਾਰੇ ਵਧੇਰੇ ਜਾਣਕਾਰੀ ਲਈ, ਪ੍ਰੋਗਰਾਮ ਜਾਣਕਾਰੀ (ਸਫ਼ਾ 3) ਵਿੱਚ ਅਕਸਰ ਪੁੱਛੇ ਜਾਣ ਵਾਲੇ ਸਵਾਲ ਦੇਖੋ।

ਅਰਜ਼ੀਆਂ ਵੱਡੇ ਪ੍ਰਿੰਟ, ਬ੍ਰੇਲ, ਅਤੇ ਹੋਰ ਭਾਸ਼ਾਵਾਂ ਵਿੱਚ ਉਪਲਬਧ ਹਨ।
ਤੁਸੀਂ ਵਿਕਲਪਿਕ ਫਾਰਮੈਟ ਵਿੱਚ ਅਰਜ਼ੀ ਦੀ ਬੇਨਤੀ ਕਰਨ ਲਈ ODHH ਨਾਲ ਸੰਪਰਕ ਕਰ ਸਕਦੇ ਹੋ।

ਵਾਸ਼ਿੰਗਟਨ ਦੂਰਸੰਚਾਰ ਰਿਲੇਅ ਸੇਵਾ (Washington Telecommunication Relay Service - WATRS)
www.washingtonrelay.com

ਕੁਝ ਵਿਸ਼ੇਸ਼ ਦੂਰਸੰਚਾਰ ਉਪਕਰਣ Relay ਨਾਲ ਵਰਤੇ ਜਾ ਸਕਦੇ ਹਨ। Relay ਇੱਕ ਅਜਿਹੀ ਮੁਫ਼ਤ ਸੇਵਾ ਹੈ ਜੋ ਵਿਸ਼ੇਸ਼ ਟੈਲੀਫੋਨ ਉਪਕਰਣਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਮਿਆਰੀ ਟੈਲੀਫੋਨ ਦੀ ਵਰਤੋਂ ਕਰਨ ਵਾਲੇ ਲੋਕਾਂ ਨਾਲ ਜੋੜਦੀ ਹੈ, ਅਤੇ ਇਸਦੇ ਉਲਟ ਵੀ।

- Relay ਦੀ ਵਰਤੋਂ ਕਰਨ ਲਈ, ਬਸ 7-1-1 ਡਾਇਲ ਕਰੋ।
- ਤੁਹਾਨੂੰ ਇੱਕ Relay ਆਪਰੇਟਰ (Relay Operator - RO) ਜਾਂ ਸੰਚਾਰ ਸਹਾਇਕ (Communication Assistant - CA) ਨਾਲ ਜੋੜਿਆ ਜਾਵੇਗਾ।
- RO ਕਾਲ ਕੀਤੇ ਜਾ ਰਹੇ ਫੋਨ ਨੰਬਰ ਨੂੰ ਡਾਇਲ ਕਰੇਗਾ ਅਤੇ ਦੋਵਾਂ ਵਿਅਕਤੀਆਂ ਵਿਚਕਾਰ ਗੱਲਬਾਤ ਨੂੰ ਰਿਲੇਅ ਕਰੇਗਾ।

ਅਕਸਰ ਪੁੱਛੇ ਜਾਣ ਵਾਲੇ ਸੁਆਲ (FAQ)

ਕੀ ਮੇਰੀ ਆਮਦਨ ਮੈਨੂੰ TED ਪ੍ਰੋਗਰਾਮ ਰਾਹੀਂ ਉਪਕਰਣ ਪ੍ਰਾਪਤ ਕਰਨ ਤੋਂ ਅਯੋਗ ਬਣਾਉਂਦੀ ਹੈ?

ਨਹੀਂ। ਆਮਦਨ ਦੀ ਪਰਵਾਹ ਕੀਤੇ ਬਿਨਾਂ, ਕੋਈ ਵੀ ਵਿਅਕਤੀ ਜੋ ਯੋਗਤਾਵਾਂ ਨੂੰ ਪੂਰਾ ਕਰਦਾ ਹੈ (ਸਫ਼ਾ 1) ਉਪਕਰਣ ਲਈ ਅਰਜ਼ੀ ਦੇ ਸਕਦਾ ਹੈ।

ਕੀ ਮੈਨੂੰ ਉਪਕਰਣ ਲਈ ਭੁਗਤਾਨ ਕਰਨਾ ਪਵੇਗਾ?

ਬਹੁਤ ਸਾਰੇ ਗਾਹਕਾਂ ਨੂੰ ਮੁਫ਼ਤ ਉਪਕਰਣ ਮਿਲਦੇ ਹਨ, ਪਰ ਇਹ ਪਰਿਵਾਰਕ ਆਕਾਰ ਅਤੇ ਆਮਦਨ 'ਤੇ ਨਿਰਭਰ ਕਰਦਾ ਹੈ। ਅਸੀਂ ਤੁਹਾਡੇ ਉਪਕਰਣ ਦੀ ਲਾਗਤ ਨਿਰਧਾਰਿਤ ਕਰਨ ਲਈ ਇੱਕ ਸਲਾਈਡਿੰਗ ਪੈਮਾਨੇ ਦੀ ਵਰਤੋਂ ਕਰਦੇ ਹਾਂ। ਅਸੀਂ ਤੁਹਾਨੂੰ ਇੱਕ ਪੱਤਰ ਭੇਜਾਂਗੇ ਜੋ ਦਿਖਾਉਂਦਾ ਹੈ ਕਿ ਕੀ ਉਪਕਰਣ ਮੁਫ਼ਤ ਹੈ, ਜਾਂ ਤੁਹਾਨੂੰ ਕਿੰਨੀ ਰਕਮ ਦੇਣੀ ਪਵੇਗੀ।

ਸਾਨੂੰ ਉਪਕਰਣ ਜਾਰੀ ਕਰਨ ਤੋਂ ਪਹਿਲਾਂ ਭੁਗਤਾਨ ਪ੍ਰਾਪਤ ਕਰਨਾ ਜ਼ਰੂਰੀ ਹੈ। **ਜੇਕਰ ਤੁਸੀਂ ਬਕਾਇਆ ਰਕਮ ਦਾ ਭੁਗਤਾਨ ਕਰਨ ਵਿੱਚ ਅਸਮਰੱਥ ਹੋ, ਤਾਂ ਤੁਸੀਂ ਛੋਟ ਲਈ ਬੇਨਤੀ ਕਰ ਸਕਦੇ ਹੋ।** ਛੋਟ ਪ੍ਰਕਿਰਿਆ ਬਾਰੇ ਵਧੇਰੇ ਜਾਣਕਾਰੀ ਲਈ, TED ਪ੍ਰੋਗਰਾਮ ਨਾਲ ਸੰਪਰਕ ਕਰੋ।

ਕਿਹੜੀ ਆਮਦਨੀ ਦੀ ਜਾਣਕਾਰੀ ਦੇਣੀ ਲਾਜ਼ਮੀ ਹੈ?

ਤੁਹਾਨੂੰ ਆਮਦਨ ਦੇ ਸਾਰੇ ਸਰੋਤਾਂ ਦੀ ਜਾਣਕਾਰੀ ਦੇਣੀ ਚਾਹੀਦੀ ਹੈ, ਜਿਸ ਵਿੱਚ ਤਨਖਾਹਾਂ, ਅਪੰਗਤਾ ਲਾਭ, ਰਿਟਾਇਰਮੈਂਟ ਆਮਦਨ, ਸਮਾਜਿਕ ਸੁਰੱਖਿਆ, ਅਤੇ ਵਿਆਜ ਸ਼ਾਮਲ ਹਨ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹਨ।

ਮੈਂ ਕਿਹੜੇ ਉਪਕਰਣਾਂ ਵਿੱਚੋਂ ਚੋਣ ਕਰ ਸਕਦਾ/ਸਕਦੀ ਹਾਂ?

TED ਉਪਕਰਣ ਕੈਟਾਲਾਗ (ਸਫ਼ਾ 4 - 5) ਉਪਲਬਧ ਉਪਕਰਣ ਕਿਸਮਾਂ ਨੂੰ ਦਿਖਾਉਂਦਾ ਹੈ। ਤੁਸੀਂ ਇੱਕ (1) ਦੂਰਸੰਚਾਰ ਉਪਕਰਣ ਉਸ ਉਪਕਰਣ ਦੇ ਐਕਸੈਸਰੀਜ਼ ਸਮੇਤ, ਜੇਕਰ ਉਪਲਬਧ ਹੋਵੇ; **ਅਤੇ** ਇੱਕ (1) ਸੰਕੇਤਕ ਉਪਕਰਣ ਚੁਣ ਸਕਦੇ ਹੋ। ਤੁਹਾਨੂੰ ਅਰਜ਼ੀ (ਸਫ਼ਾ 7, ਭਾਗ 3) 'ਤੇ ਆਪਣੀ ਪਸੰਦ ਦੀ ਉਪਕਰਣ ਕਿਸਮ ਦੀ ਚੋਣ ਕਰਨੀ ਚਾਹੀਦੀ ਹੈ।

ਕਿਸ ਕਿਸਮ ਦੀ ਘਰੇਲੂ ਫ਼ੋਨ ਸੇਵਾ ਦੀ ਲੋੜ ਹੈ?

ਟੈਲੀਟਾਈਪਰਾਈਟਰ (TTY) ਜਾਂ ਐਂਪਲੀਫਾਈਡ ਫ਼ੋਨ ਪ੍ਰਾਪਤ ਕਰਨ ਲਈ ਅਰਜ਼ੀ ਦੇਣ ਵਾਲੇ ਗਾਹਕਾਂ ਨੂੰ ਲੈਂਡਲਾਈਨ-ਆਧਾਰਿਤ ਫ਼ੋਨ ਸੇਵਾ ਦੀ ਲੋੜ ਹੁੰਦੀ ਹੈ। ਇੰਟਰਨੈੱਟ ਜਾਂ ਕੇਬਲ-ਆਧਾਰਿਤ ਫ਼ੋਨ ਸੇਵਾਵਾਂ ਜਿਵੇਂ ਕਿ Comcast ਜਾਂ Wave Cable ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ, TTY ਫੋਨਾਂ ਨਾਲ ਅਨੁਕੂਲ ਨਹੀਂ ਹਨ; ਹਾਲਾਂਕਿ ਇਹ ਜ਼ਿਆਦਾਤਰ ਐਂਪਲੀਫਾਈਡ ਫੋਨਾਂ ਲਈ ਕੰਮ ਕਰਨਗੀਆਂ।

ਅਕਸਰ ਪੁੱਛੇ ਜਾਣ ਵਾਲੇ ਸੁਆਲ (FAQ) (ਜਾਰੀ)

ਕਿਹੜੇ ਪੇਸ਼ੇਵਰ ਮੇਰੇ ਅਰਜ਼ੀ ਫਾਰਮ 'ਤੇ ਦਸਤਖਤ ਕਰਨ ਲਈ ਅਧਿਕਾਰਤ ਹਨ?

ਉਸ ਬਾਕਸ 'ਤੇ ਨਿਸ਼ਾਨ ਲਗਾਓ ਜੋ ਅਰਜ਼ੀ ਫਾਰਮ 'ਤੇ ਦਸਤਖਤ ਕਰਨ ਵਾਲੇ ਵਿਅਕਤੀ ਦੇ ਪੇਸ਼ੇ ਦਾ ਵਰਣਨ ਕਰਦਾ ਹੈ। WAC 388-818-010 ਮੁਤਾਬਕ ਹੇਠ ਲਿਖੇ ਵਿਅਕਤੀ ਬਿਨੈਕਾਰ ਦੀ ਯੋਗਤਾ ਨੂੰ ਪ੍ਰਮਾਣਿਤ ਕਰਨ ਲਈ ਅਧਿਕਾਰਤ ਹਨ:

a. ਅਜਿਹਾ ਵਿਅਕਤੀ ਜੋ ਵਾਸ਼ਿੰਗਟਨ ਰਾਜ ਵਿੱਚ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਿਹਤ ਵਿਭਾਗ ਦੁਆਰਾ ਲਾਇਸੰਸਸ਼ੁਦਾ ਜਾਂ ਪ੍ਰਮਾਣਿਤ ਹੈ;

b. ਵਾਸ਼ਿੰਗਟਨ ਰਾਜ ਵਿੱਚ ਇੱਕ ਆਡੀਓਲੋਜਿਸਟ ਜਾਂ ਸੁਣਨ ਸਹਾਇਕ ਫਿੱਟਰ / ਵਿਤਰਕ;

c. ਰਾਜ ਵਿੱਚ ਬੋਲ਼ੇ ਅਤੇ ਘੱਟ ਸੁਣਨ ਵਾਲਿਆਂ ਲਈ ਭਾਈਚਾਰਕ ਸੇਵਾ ਕੇਂਦਰਾਂ ਵਿੱਚੋਂ ਕਿਸੇ ਇੱਕ 'ਤੇ ਬੋਲ਼ਾ ਮਾਹਿਰ ਜਾਂ ਕੋਆਰਡੀਨੇਟਰ;

d. ਕੋਈ ਵੀ ਰਾਜ-ਅੰਦਰਲੀ ਗੈਰ-ਮੁਨਾਫ਼ਾ ਸੰਸਥਾ ਜੋ ਸੁਣਨ ਜਾਂ ਬੋਲਣ ਵਿੱਚ ਅਸਮਰੱਥ ਲੋਕਾਂ ਦੀ ਸੇਵਾ ਕਰਦੀ ਹੈ।

e. ਕਿਸੇ ਯੋਗ ਵਾਸ਼ਿੰਗਟਨ ਰਾਜ ਏਜੰਸੀ ਦਾ ਸਟਾਫ;

f. ਵਾਸ਼ਿੰਗਟਨ ਰਾਜ ਦੇ ਅੰਦਰ ਕੋਈ ਕਿੱਤਾਮੁਖੀ ਮੁੜ-ਵਸੇਬਾ ਸਲਾਹਕਾਰ;

g. ਵਾਸ਼ਿੰਗਟਨ ਰਾਜ ਦੇ ਅੰਦਰ ਸੁਣਨ-ਦੇਖਣ ਵਿੱਚ ਅਸਮਰੱਥ ਲੋਕਾਂ ਦੀ ਸੇਵਾ ਕਰਨ ਵਾਲੇ ਸੰਗਠਨ ਵਿੱਚ ਸੁਣਨ-ਦੇਖਣ ਵਿੱਚ ਅਸਮਰੱਥਾ ਦਾ ਮਾਹਿਰ ਜਾਂ ਕੋਆਰਡੀਨੇਟਰ;

h. ਵਾਸ਼ਿੰਗਟਨ ਰਾਜ ਦੇ ਅੰਦਰ ਕੋਈ ਲਾਇਸੰਸਸ਼ੁਦਾ ਕਿੱਤਾਮੁਖੀ ਥੈਰੇਪਿਸਟ;

i. ਵਾਸ਼ਿੰਗਟਨ ਰਾਜ ਵਿੱਚ ਅਭਿਆਸ ਕਰਨ ਵਾਲਾ ਇੱਕ ਪ੍ਰਮਾਣਿਤ ਬੋਲੀ ਰੋਗ ਵਿਸ਼ੇਸ਼ੱਗ; ਜਾਂ

j. ਹੋਰ: ਆਪਣੇ ਪੇਸ਼ੇ ਬਾਰੇ ਲਿਖੋ ਅਤੇ ਪ੍ਰੋਗਰਾਮ ਤਸਦੀਕ ਲਈ ਸੰਪਰਕ ਜਾਣਕਾਰੀ ਸ਼ਾਮਲ ਕਰੋ।

ਮੈਨੂੰ ਪਹਿਲਾਂ ਵੀ ਉਪਕਰਣ ਮਿਲਿਆ ਸੀ। ਕੀ ਮੈਂ ਨਵੇਂ ਉਪਕਰਣ ਲਈ ਦੁਬਾਰਾ ਅਰਜ਼ੀ ਦੇ ਸਕਦਾ/ਸਕਦੀ ਹਾਂ?

ਤੁਸੀਂ ਤਿੰਨ (3) ਸਾਲਾਂ ਬਾਅਦ ਨਵੇਂ ਉਪਕਰਣ ਲਈ ਦੁਬਾਰਾ ਅਰਜ਼ੀ ਦੇਣ ਦੇ ਯੋਗ ਹੋ **ਸਿਰਫ ਤਾਂ ਜੇਕਰ** TED ਪ੍ਰੋਗਰਾਮ ਤੋਂ ਪ੍ਰਾਪਤ ਤੁਹਾਡਾ ਮੌਜੂਦਾ ਉਪਕਰਣ ਕੰਮ ਨਹੀਂ ਕਰ ਰਿਹਾ ਹੈ **ਜਾਂ** ਹੁਣ ਤੁਹਾਡੀਆਂ ਲੋੜਾਂ ਨੂੰ ਪੂਰਾ ਨਹੀਂ ਕਰਦਾ। ਜੇ ਤੁਸੀਂ ਉਪਕਰਣ ਮੁਫ਼ਤ ਪ੍ਰਾਪਤ ਕੀਤਾ ਸੀ, ਤਾਂ ਤੁਹਾਨੂੰ ਨਵਾਂ ਉਪਕਰਣ ਦੇਣ ਤੋਂ ਪਹਿਲਾਂ ਤੁਹਾਨੂੰ ਉਹ ਉਪਕਰਣ ਵਾਪਸ ਕਰਨ ਦੀ ਲੋੜ ਹੋ ਸਕਦੀ ਹੈ। ਵਧੇਰੇ ਜਾਣਕਾਰੀ ਲਈ ਤੁਸੀਂ TED ਪ੍ਰੋਗਰਾਮ ਨਾਲ ਸੰਪਰਕ ਕਰ ਸਕਦੇ ਹੋ।

ਮੈਨੂੰ ਉਪਕਰਣ ਕਦੋਂ ਮਿਲੇਗਾ?

ਉਪਕਰਣ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਇਨਵੈਂਟਰੀ ਦੀ ਉਪਲਬਧਤਾ ਦੇ ਆਧਾਰ 'ਤੇ ਚਾਰ (4) ਤੋਂ ਅੱਠ (8) ਹਫ਼ਤੇ ਲੱਗ ਸਕਦੇ ਹਨ। ਜ਼ਿਆਦਾਤਰ ਉਪਕਰਣ ਸਿੱਧੇ ਤੁਹਾਨੂੰ ਭੇਜ ਦਿੱਤੇ ਜਾਂਦੇ ਹਨ। ਕੁਝ ਵਿਸ਼ੇਸ਼ ਉਪਕਰਣ ਇੱਕ ਠੇਕੇ ਵਾਲੇ TED ਟ੍ਰੇਨਰ ਦੁਆਰਾ ਪਹੁੰਚਾਏ ਜਾਣੇ ਚਾਹੀਦੇ ਹਨ।

ਜੇਕਰ ਉਪਕਰਣ ਤੁਹਾਨੂੰ ਇੱਕ ਟ੍ਰੇਨਰ ਦੁਆਰਾ ਪਹੁੰਚਾਇਆ ਜਾਵੇਗਾ, ਤਾਂ ਉਹ ਤੁਹਾਨੂੰ ਅਤੇ ਹੋਰਾਂ ਨਾਲ ਜੋ ਦਿਲਚਸਪੀ ਰੱਖਦੇ ਹੋ ਸਕਦੇ ਹਨ, ਮਿਲਣ ਲਈ ਤਾਰੀਖ ਅਤੇ ਸਮਾਂ ਨਿਰਧਾਰਿਤ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨਗੇ। ਜ਼ਿਆਦਾਤਰ iPads ਅਤੇ iPhones ਇੱਕ ਠੇਕੇ ਵਾਲੇ ਵਿਕਰੇਤਾ ਦੁਆਰਾ UPS ਰਾਹੀਂ ਸਿੱਧੇ ਗਾਹਕ ਨੂੰ ਭੇਜੇ ਜਾਣਗੇ ਅਤੇ ਉਸ ਭੇਜੇ ਗਏ ਸਮਾਨ ਨੂੰ ਪ੍ਰਾਪਤ ਕਰਨ ਲਈ ਦਸਤਖਤ ਦੀ ਲੋੜ ਹੋਵੇਗੀ।

TED ਪ੍ਰੋਗਰਾਮ ਇਹ ਡਿਲੀਵਰੀ ਅਤੇ ਸਿਖਲਾਈ ਸੇਵਾਵਾਂ ਮੁਫਤ ਪ੍ਰਦਾਨ ਕਰਦਾ ਹੈ।

ਦੂਰਸੰਚਾਰ ਉਪਕਰਣ ਕੈਟਾਲਾਗ

ਇਹ ਭਾਗ ਬਿਨੈਕਾਰਾਂ ਅਤੇ ਪੇਸ਼ੇਵਰਾਂ ਨੂੰ ਬਿਨੈਕਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਭ ਤੋਂ ਢੁਕਵੇਂ ਉਪਕਰਣ ਦੀ ਚੋਣ ਕਰਨ ਵਿੱਚ ਮਦਦ ਕਰਨ ਲਈ ਹੈ।

ਅਰਜ਼ੀ 'ਤੇ ਉਪਕਰਣ ਦੀ ਕਿਸਮ ਦੀ ਚੋਣ ਕਰਨੀ ਲਾਜ਼ਮੀ ਹੈ।

ਬਿਨੈਕਾਰ ਹੇਠ ਲਿਖੇ ਉਪਕਰਣ ਪ੍ਰਾਪਤ ਕਰਨ ਦੇ ਯੋਗ ਹਨ:

ਇੱਕ (1) ਦੂਰਸੰਚਾਰ ਉਪਕਰਣ **ਅਤੇ** **ਇੱਕ (1)** ਸੰਕੇਤਕ ਉਪਕਰਣ। **ਸਮੇਤ** ਉਸ ਉਪਕਰਣ ਲਈ ਐਕਸੇਸਰੀਜ਼, ਜੇਕਰ ਉਪਲਬਧ ਹੋਵੇ।

- ਤਾਰੇ (*) ਦੇ ਨਿਸ਼ਾਨ ਨਾਲ ਦਰਸਾਏ ਗਏ ਉਪਕਰਣ ਇੱਕ ਯੋਗ ਟ੍ਰੇਨਰ ਦੁਆਰਾ ਪਹੁੰਚਾਏ ਜਾਣੇ ਲਾਜ਼ਮੀ ਹਨ। ਇਹ ਡਾਕ ਰਾਹੀਂ ਨਹੀਂ ਭੇਜਿਆ ਜਾਵੇਗਾ। ਜੇ ਬਿਨੈਕਾਰ ਅਜਿਹੇ ਉਪਕਰਣ ਦੀ ਚੋਣ ਕਰਦੇ ਹਨ, ਉਨ੍ਹਾਂ ਨੂੰ ਆਪਣੇ ਆਪ ਹੀ ਟ੍ਰੇਨਰ ਕੋਲ ਭੇਜਿਆ ਜਾਂਦਾ ਹੈ।
- ਸਾਰੇ ਮਾਡਲਾਂ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

ਵਿਸ਼ੇਸ਼ ਦੂਰਸੰਚਾਰ ਉਪਕਰਣ

ਐਂਪਲੀਫਾਈਡ ਟੈਲੀਫੋਨ

ਹਲਕੀ ਤੋਂ ਦਰਮਿਆਨੀ ਸੁਣਨ ਸ਼ਕਤੀ ਦੀ ਘਾਟ ਵਾਲੇ ਵਿਅਕਤੀਆਂ ਲਈ।

- ਆਮ ਟੈਲੀਫੋਨ ਵਾਂਗ ਕੰਮ ਕਰਦਾ ਹੈ।
- ਬੋਲੀ ਗਈ ਗੱਲਬਾਤ ਸੁਣਨ ਲਈ ਆਵਾਜ਼ ਵਧਾਉਣ ਦੀ ਵਿਧੀ ਦੀ ਵਰਤੋਂ ਕਰੋ।
- ਵਿਸ਼ੇਸ਼ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਾਲੀਅਮ ਅਤੇ ਟੋਨ ਨੂੰ ਐਡਜਸਟ ਕਰੋ।

<u>ਤਾਰ ਵਾਲੇ ਉਪਲਬਧ ਮਾਡਲ:</u>

- ਕਲੈਰਿਟੀ ਆਲਟੋ (Clarity Alto)
- ਕਾਲਰ ਆਈਡੀ ਵਾਲਾ ਕਲੈਰਿਟੀ ਆਲਟੋ ਪਲੱਸ (Clarity Alto Plus)

<u>ਬਿਨਾਂ ਤਾਰ ਵਾਲੇ ਉਪਲਬਧ ਮਾਡਲ:</u>

- ਕਾਲਰ ਆਈਡੀ ਵਾਲਾ ਪੈਨਾਸੋਨਿਕ (Panasonic) KX-TGM403B

<u>ਐਕਸੇਸਰੀਜ਼:</u>

- ਨੈੱਕ ਲੂਪ (Neck Loop - NKL)

iPad ਜਾਂ iPhone - ਸੈਲੂਲਰ ਜਾਂ ਸਿਰਫ਼ WiFi ਵਿਕਲਪਾਂ ਦੇ ਨਾਲ ਉਪਲਬਧ*

ਸੈਲੂਲਰ ਅਤੇ WiFi ਆਧਾਰਿਤ ਦੂਰਸੰਚਾਰ ਤੱਕ ਪਹੁੰਚ ਲਈ।

iPad ਅਤੇ iPhone ਉਪਕਰਣ ਸੁਰੱਖਿਆਤਮਕ ਕੇਸ ਦੇ ਨਾਲ ਪ੍ਰਦਾਨ ਕੀਤੇ ਜਾਂਦੇ ਹਨ (ਵਾਰੰਟੀ ਬਣਾਈ ਰੱਖਣ ਲਈ ਲੋੜੀਂਦਾ)। ਗਾਹਕਾਂ ਕੋਲ iPad, iPad Mini, ਜਾਂ iPhone ਵਿੱਚੋਂ ਚੁਣਨ ਦਾ ਵਿਕਲਪ ਹੈ। ਇਹ ਉਪਕਰਣ ਸੈਲੂਲਰ ਜਾਂ WiFi ਨੈੱਟਵਰਕ ਦੁਆਰਾ ਦੂਰਸੰਚਾਰ ਪਹੁੰਚ ਪ੍ਰਦਾਨ ਕਰਨ ਲਈ ਵਿਸ਼ੇਸ਼ ਰੂਪ ਵਿੱਚ ਵੰਡੇ ਜਾਂਦੇ ਹਨ ਅਤੇ ਠੇਕੇਦਾਰ ਵਿਕਰੇਤਾ ਦੁਆਰਾ ਤੁਹਾਨੂੰ ਭੇਜੇ ਜਾਣਗੇ।

ਟੈਲੀਟਾਈਪਰਾਈਟਰ (Teletypewriter - TTY)

ਗੰਭੀਰ ਤੋਂ ਪੂਰਨ ਸੁਣਨ ਸ਼ਕਤੀ ਦੀ ਹਾਨੀ ਅਤੇ/ਜਾਂ ਬੋਲਣ ਵਿੱਚ ਅਸਮਰੱਥ ਵਿਅਕਤੀਆਂ ਲਈ।

- ਟਾਈਪ ਕਰਕੇ ਸੰਚਾਰ ਕਰੋ।
- ਸੰਦੇਸ਼ ਡਿਸਪਲੇਅ ਸਕਰੀਨ 'ਤੇ ਦਿਖਾਈ ਦਿੰਦੇ ਹਨ ਅਤੇ ਪ੍ਰਿੰਟ ਵੀ ਕੀਤੇ ਜਾ ਸਕਦੇ ਹਨ।
- ਗੱਲਬਾਤ ਦੀ ਪ੍ਰਕਿਰਿਆ ਵਾਰੀ-ਵਾਰੀ ਵਾਲੀ ਹੈ।
- ਵਾਸ਼ਿੰਗਟਨ ਰਿਲੇਅ ਸੇਵਾ (Washington Relay Service) ਦੀ ਵਰਤੋਂ ਦੀ ਲੋੜ ਹੋ ਸਕਦੀ ਹੈ।
- ਬੁਨਿਆਦੀ ਐਨਾਲੌਗ ਲੈਂਡਲਾਈਨ ਫ਼ੋਨ ਸੇਵਾ ਦੀ ਲੋੜ ਹੁੰਦੀ ਹੈ।

ਟਰੂਟੋਨ ਇਮੋਟ ਇਲੈਕਟ੍ਰੋਲੈਰਿੰਕਸ (TruTone Emote Electrolarynx)

ਉਨ੍ਹਾਂ ਵਿਅਕਤੀਆਂ ਲਈ ਜੋ ਲੇਰਿੰਜੈਕਟੋਮੀ ਮਰੀਜ਼ ਹਨ।

- ਗੱਲਬਾਤ ਕਰਨ ਲਈ ਇਲੈਕਟ੍ਰਾਨਿਕ ਬੋਲੀ ਸਹਾਇਕ ਦੀ ਵਰਤੋਂ ਕਰੋ।
- ਬਣਾਵਟੀ ਲੇਰਿੰਕਸ ਬੋਲਣ ਸਮੇਂ ਕੁਦਰਤੀ ਉਚਾਰਨ ਦੀ ਸਹੂਲਤ ਦਿੰਦਾ ਹੈ।
- ਗਾਹਕਾਂ ਨੂੰ ਸਿੱਧੇ ਭੇਜਿਆ ਜਾਂਦਾ ਹੈ।
- ਵਾਸ਼ਿੰਗਟਨ ਰਿਲੇਅ ਸਪੀਚ-ਟੂ-ਸਪੀਚ (Relay Speech-to-Speech) ਸੇਵਾ ਨਾਲ ਵਰਤਿਆ ਜਾ ਸਕਦਾ ਹੈ।

ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਲਈ ਹੋਰ ਵਿਸ਼ੇਸ਼ ਦੂਰਸੰਚਾਰ ਉਪਕਰਣ ਉਪਲਬਧ ਹੋ ਸਕਦੇ ਹਨ।

ਵਧੇਰੇ ਜਾਣਕਾਰੀ ਲਈ TED ਪ੍ਰੋਗਰਾਮ ਨਾਲ ਸੰਪਰਕ ਕਰੋ (ਸਫ਼ਾ 1 'ਤੇ ਸੰਪਰਕ ਜਾਣਕਾਰੀ ਦੇਖੋ)।

ਘੰਟੀ ਸੰਕੇਤਕ

ਸੁਣਾਈ ਦੇਣ ਵਾਲਾ ਘੰਟੀ ਸੰਕੇਤਕ

- ਜਦੋਂ ਲੈਂਡਲਾਈਨ ਟੈਲੀਫੋਨ ਵੱਜਦਾ ਹੈ ਤਾਂ ਸੰਕੇਤਕ ਵੀ ਵੱਜਦਾ ਹੈ।
- ਵਿਸ਼ੇਸ਼ ਲੋੜਾਂ ਨੂੰ ਪੂਰਾ ਕਰਨ ਲਈ ਘੰਟੀ ਦੀ ਆਵਾਜ਼ ਨੂੰ ਅਨੁਕੂਲ ਕਰੋ।

ਪ੍ਰਕਾਸ਼ਮਾਨ ਘੰਟੀ ਸੰਕੇਤਕ

- ਲੈਂਪ ਨਾਲ ਜੁੜਦਾ ਹੈ।

ਜਦੋਂ ਟੈਲੀਫੋਨ ਵੱਜਦਾ ਹੈ ਤਾਂ ਲੈਂਪ ਚਮਕਦਾ ਹੈ।

ਬੇਦਾਅਵਾ: ਉਪਕਰਣ ਦੀਆਂ ਕਿਸਮਾਂ / ਮਾਡਲਾਂ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

ਦੂਰਸੰਚਾਰ ਉਪਕਰਣ ਲਈ ਅਰਜ਼ੀ
Application for Telecommunication Equipment

DSHS WASHINGTON STATE Department of Social and Health Services

Office (ਸਿਰਫ਼ ਦਫ਼ਤਰੀ ਵਰਤੋਂ ਲਈ)
Date Received

ਅਧੂਰੀ ਅਰਜ਼ੀਆਂ ਵਾਪਸ ਕੀਤੀਆਂ ਜਾ ਸਕਦੀਆਂ ਹਨ ਅਤੇ ਇਸ ਕਾਰਣ ਸੇਵਾ ਵਿੱਚ ਦੇਰੀ ਹੋ ਸਕਦੀ ਹੈ।
ਕਿਰਪਾ ਕਰਕੇ ਯਕੀਨੀ ਬਣਾਓ ਕਿ ਸਾਰੇ "**ਲੋੜੀਂਦੀ**" ਖਾਨੇ ਭਰੇ ਗਏ ਹਨ। **ਸਾਫ਼ ਸਾਫ਼ ਲਿਖੋ ਜਾਂ ਟਾਈਪ ਕਰੋ।**
ਜਦੋਂ ਤੁਸੀਂ ਅਰਜ਼ੀ ਪੂਰੀ ਕਰ ਲਈ ਹੈ, **ਤਾਂ ਸਫ਼ਾ 6 ਤੋਂ 8 ਨੂੰ ਵੱਖ ਕਰੋ, ਅਤੇ ਇੱਥੇ ਡਾਕ ਰਾਹੀਂ ਭੇਜੋ:**

TED Program
PO Box 45301
Olympia, WA 98504-5301

ਤੁਹਾਨੂੰ TED ਪ੍ਰੋਗਰਾਮ ਬਾਰੇ ਕਿਵੇਂ ਪਤਾ ਲੱਗਾ?
- ☐ ਦੋਸਤ ਜਾਂ ਪਰਿਵਾਰ ਦਾ ਸਦੱਸ
- ☐ ਮੈਗਜ਼ੀਨ ਜਾਂ ਨਿਊਜ਼ਲੈਟਰ
- ☐ ਮੈਡੀਕਲ ਪੇਸ਼ੇਵਰ
- ☐ ਪ੍ਰਸਤੁਤੀ ਜਾਂ ਜਾਣਕਾਰੀ ਬੂਥ
- ☐ ਟੀਵੀ ਵਿਗਿਆਪਨ
- ☐ ਹੋਰ:

ਕੀ ਤੁਸੀਂ ਪਹਿਲਾਂ ਕਦੇ TED ਪ੍ਰੋਗਰਾਮ ਤੋਂ ਉਪਕਰਣ ਪ੍ਰਾਪਤ ਕੀਤੇ ਹਨ?
☐ ਹਾਂ ☐ ਨਹੀਂ ☐ ਪਤਾ ਨਹੀਂ

ਸੈਕਸ਼ਨ 1. ਅਰਜ਼ੀਕਰਤਾ ਬਾਰੇ ਜਾਣਕਾਰੀ

1. ਆਖਰੀ ਨਾਂ, ਪਹਿਲਾ ਨਾਂ, ਮੱਧ ਨਾਂ ਦਾ ਪਹਿਲਾ ਅੱਖਰ

2. ਲਿੰਗ ☐ ਮਰਦ ☐ ਔਰਤ ☐ ਹੋਰ:

3. ਘਰ ਦਾ ਪਤਾ (ਅਪਾਰਟਮੈਂਟ ਨੰਬਰ ਸ਼ਾਮਲ ਕਰੋ) | ਸ਼ਹਿਰ | ਸਟੇਟ | ਜ਼ਿਪ ਕੋਡ

4. ਡਾਕ ਦਾ ਪਤਾ (ਜੇ ਵੱਖ ਹੈ) | ਸ਼ਹਿਰ | ਸਟੇਟ | ਜ਼ਿਪ ਕੋਡ

5. ਕਮਿਊਨਿਟੀ / ਸਹੂਲਤ ਦਾ ਨਾਮ (ਜਿਵੇਂ, ਨਰਸਿੰਗ ਹੋਮ, ਅਪਾਰਟਮੈਂਟ ਕੰਪਲੈਕਸ)

6. ਕਾਉਂਟੀ

7. ਟੈਲੀਫ਼ੋਨ ਨੰਬਰ (ਏਰੀਆ ਕੋਡ ਸ਼ਾਮਿਲ ਕਰੋ) ☐ ਵੋਇਸ ☐ ਵੀਪੀ ☐ TTY

8. ਸੈੱਲ ਫੋਨ ਨੰਬਰ (ਏਰੀਆ ਕੋਡ ਸ਼ਾਮਿਲ ਕਰੋ) ☐ ਵੌਇਸ ☐ ਵੀਪੀ ☐ TTY

9. ਈ-ਮੇਲ ਪਤਾ

10. ਸੰਪਰਕ ਕਰਨ ਦਾ ਸਭ ਤੋਂ ਵਧੀਆ ਸਮਾਂ

11. ਸੋਸ਼ਲ ਸਿਕਿਓਰਿਟੀ ਨੰਬਰ (ਵਿਕਲਪਕ)

12. ਜਨਮ ਮਿਤੀ (ਯੋਗਤਾ ਲਈ ਲੋੜੀਂਦੀ)

13. ਵਿਕਲਪਿਕ ਸੰਪਰਕ ਵਿਅਕਤੀ / ਸੰਦੇਸ਼
ਨਾਂ

ਰਿਸ਼ਤਾ

ਟੈਲੀਫ਼ੋਨ ਨੰਬਰ (ਏਰੀਆ ਕੋਡ ਸ਼ਾਮਿਲ ਕਰੋ) ☐ ਵੋਇਸ ☐ ਵੀਪੀ ☐ TTY

ਈ-ਮੇਲ ਪਤਾ

ਸੈਕਸ਼ਨ 2. ਪ੍ਰੋਫਾਈਲ

1. **ਵਿੱਤੀ ਜਾਣਕਾਰੀ (ਲੋੜੀਂਦਾ ਹੈ)**:
ਪਰਿਵਾਰ ਦੀ ਗਿਣਤੀ: ਮਹੀਨੇਵਾਰ ਆਮਦਨ: $ ਸਲਾਨਾ ਆਮਦਨ: $

2. ਅਪੰਗਤਾ (ਯੋਗਤਾ ਲਈ ਲੋੜੀਂਦੇ ਹਨ)
- ☐ ਬੋਲ਼ਾ
- ☐ ਸੁਣਨ-ਦੇਖਣ ਵਿੱਚ ਅਸਮਰੱਥ
- ☐ ਘੱਟ ਸੁਣਨ ਵਾਲਾ
- ☐ ਬੋਲਣ ਵਿੱਚ ਅਸਮਰੱਥ
- ☐ ਦੇਰ ਨਾਲ ਬੋਲੇ ਹੋਏ

3. ਸੁਣਨ ਦੀ ਹਾਨੀ ਜਾਂ ਬੋਲਣ ਵਿੱਚ ਅਸਮਰੱਥਤਾ ਤੋਂ ਇਲਾਵਾ:
- a. ਕੀ ਤੁਹਾਡੀ ਨਜ਼ਰ ਕਮਜ਼ੋਰ ਹੈ? ☐ ਹਾਂ ☐ ਨਹੀਂ
- b. ਕੀ ਤੁਸੀਂ ਅੰਨ੍ਹੇ ਹੋ? ☐ ਹਾਂ ☐ ਨਹੀਂ
- c. ਕੀ ਤੁਹਾਡੀ ਚੱਲਣ-ਫਿਰਨ ਦੀ ਸਮਰੱਥਾ ਸੀਮਤ ਹੈ? ☐ ਹਾਂ ☐ ਨਹੀਂ

4. ਸੰਚਾਰ ਲਈ ਤਰਜੀਹਾਂ
- a. ਸੰਕੇਤਕ ਭਾਸ਼ਾ: ☐ ASL ☐ PSE ☐ SEE ☐ ਸਪਰਸ਼ੀ
- b. ਮੌਖਿਕ: ☐ ਬੋਲਣਾ ☐ ਹੋਠ ਪੜ੍ਹਣਾ
- c. ☐ ਲਿਖਣਾ
- d. ☐ ਹੋਰ: _____
- e. ਤੁਸੀਂ ਕਿਹੜੀ ਭਾਸ਼ਾ ਬੋਲਦੇ ਹੋ? ☐ ਅੰਗਰੇਜ਼ੀ ☐ ਹੋਰ: _____
- f. ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ? ☐ ਹਾਂ ☐ ਨਹੀਂ

ਅਰਜ਼ੀ ਨੂੰ ਪਾੜ ਕੇ ਵੱਖ ਕਰੋ

5. ਕੀ ਤੁਸੀਂ ਹਿਸਪੈਨਿਕ ਮੂਲ ਦੇ ਹੋ? ☐ ਹਾਂ ☐ ਨਹੀਂ

ਸਪੈਨਿਸ਼ / ਹਿਸਪੈਨਿਕ / ਲਾਤੀਨੋ ਬਾਰੇ ਪ੍ਰਸ਼ਨ ਨਸਲ ਬਾਰੇ ਨਹੀਂ, ਬਲਕਿ ਜਾਤੀਗਤ ਮੂਲ ਬਾਰੇ ਹੈ। ਕਿਰਪਾ ਕਰਕੇ ਹੇਠ ਲਿਖੇ ਪ੍ਰਸ਼ਨ ਦਾ ਉੱਤਰ ਦੇਣਾ ਜਾਰੀ ਰੱਖੋ, ਇੱਕ ਜਾਂ ਵਧੇਰੇ ਬਕਸਿਆਂ 'ਤੇ ਨਿਸ਼ਾਨ ਲਗਾ ਕੇ ਦੱਸੋ ਕਿ ਤੁਸੀਂ ਆਪਣੀ ਨਸਲ ਕੀ ਮੰਨਦੇ ਹੋ (ਸਾਰੇ ਲਾਗੂ ਹੋਣ ਵਾਲੇ 'ਤੇ ਨਿਸ਼ਾਨ ਲਗਾਓ):

☐ ਗੋਰਾ ☐ ਅਮਰੀਕੀ ਇੰਡੀਅਨ ਜਾਂ ਅਲਾਸਕਾ ਮੂਲਵਾਸੀ ☐ ਮੂਲਵਾਸੀ ਹਵਾਈਅਨ ਜਾਂ ਪ੍ਰਸ਼ਾਂਤ ਦ੍ਵੀਪਵਾਸੀ
☐ ਕਾਲਾ ਜਾਂ ਅਫ਼ਰੀਕਨ ਅਮਰੀਕੀ ☐ ਏਸ਼ਿਆਈ ☐ ਹੋਰ ਨਸਲ

ਸੈਕਸ਼ਨ 3. ਉਪਕਰਣ ਦੀ ਚੋਣ

ਇੱਕ ਦੂਰਸੰਚਾਰ ਉਪਕਰਣ ਅਤੇ ਇੱਕ ਸੰਕੇਤਕ ਦੀ ਚੋਣ ਕਰੋ।

ਐਂਪਲੀਫਾਈਡ ਘਰੇਲੂ ਫ਼ੋਨ (ਲੈਂਡਲਾਈਨ ਸੇਵਾ ਲੋੜੀਂਦੀ ਹੈ):

☐ ਕਾਲਰ ID ਸਮੇਤ ਤਾਰ ਵਾਲਾ ਫ਼ੋਨ ☐ ਬਿਨਾਂ ਤਾਰਾਂ ਵਾਲਾ ਐਂਪਲੀਫਾਈਡ ਫ਼ੋਨ

☐ ਤਾਰ ਵਾਲਾ ਫ਼ੋਨ - ਕੋਈ ਕਾਲਰ ID ਨਹੀਂ

ਟੈਕਸਟ ਆਧਾਰਿਤ ਘਰੇਲੂ ਫ਼ੋਨ (ਐਨਾਲੌਗ ਲੈਂਡਲਾਈਨ ਸੇਵਾ ਲੋੜੀਂਦੀ ਹੈ): ☐ ਟੈਲੀਟਾਈਪਰਾਈਟਰ (Teletypewriter - TTY)

ਬੇਤਾਰ ਉਪਕਰਣ (* ਸੈੱਲ ਉਪਕਰਣ ਅਨਲੌਕ ਕੀਤੇ ਹੋਏ ਹਨ ਅਤੇ ਕਿਸੇ ਵੀ ਸੈਲੂਲਰ ਸੇਵਾ ਪ੍ਰਦਾਤਾ ਨਾਲ ਸਥਾਪਿਤ ਕੀਤੇ ਜਾ ਸਕਦੇ ਹਨ। ਸੈੱਲ ਸੇਵਾ ਦੀ ਲਾਗਤ ਗਾਹਕ ਦੀ ਜ਼ਿੰਮੇਵਾਰੀ ਹੈ ਅਤੇ TED ਪ੍ਰੋਗਰਾਮ ਦੁਆਰਾ ਕਵਰ ਨਹੀਂ ਕੀਤੀ ਜਾਂਦੀ।):

☐ iPad ☐ iPad Mini ☐ iPhone

** iPad ਉਪਕਰਣ ਸਿਰਫ਼ WiFi ਵਾਲੇ ਹਨ। ਜੇਕਰ ਗਾਹਕ ਨੂੰ ਸੈਲੂਲਰ ਆਧਾਰਿਤ iPad ਦੀ ਲੋੜ ਹੈ, ਤਾਂ ਇੱਥੇ ਨਿਸ਼ਾਨ ਲਗਾਓ: ☐ ਸੈਲੂਲਰ ਸਮਰੱਥ,* **ਅਤੇ** ਵਿਸ਼ੇਸ਼ ਬੇਨਤੀ ਲਈ ਕਾਰਨ ਪ੍ਰਦਾਨ ਕਰੋ: _____

ਸੈੱਲ ਫ਼ੋਨ ਕੰਪਨੀ ਦਾ ਨਾਂ: _____

ਸੰਕੇਤਕ ਉਪਕਰਣ - ਸਿਰਫ਼ ਲੈਂਡਲਾਈਨ ਫ਼ੋਨ। ਬੇਤਾਰ ਉਪਕਰਣਾਂ ਨਾਲ ਅਨੁਕੂਲ ਨਹੀਂ।

☐ ਉੱਚੀ ਘੰਟੀ ☐ ਚਮਕਦੀ ਰਿੰਗਰ

ਬੋਲਣ ਵਿੱਚ ਅਸਮਰੱਥ ਗਾਹਕਾਂ ਲਈ ਵਿਸ਼ੇਸ਼ ਉਪਕਰਣ ਉਪਲਬਧ ਹੋ ਸਕਦੇ ਹਨ।

☐ ਟਰੂਟੋਨ ਇਮੋਟ ਇਲੈਕਟ੍ਰੋਲਾਰਨਿਕਸ (TruTone Emote ElectroLarnyx) ☐ ਹੋਰ: _____

ਉਪਕਰਣ ਸਿੱਧਾ ਗਾਹਕ ਨੂੰ ਭੇਜਿਆ ਜਾਂਦਾ ਹੈ।

ਹੇਠਾਂ ਭਾਗ 4. 'ਤੇ ਦਸਤਖ਼ਤ ਕਰਕੇ, ਤੁਸੀਂ ਬੋਲ਼ੇ ਅਤੇ ਬੋਲ਼ੇ ਅਤੇ ਘੱਟ ਸੁਣਨ ਵਾਲਿਆਂ ਦਾ ਦਫ਼ਤਰ (Office of the Deaf and Hard of Hearing) ਨੂੰ ਉਪਕਰਣ ਭੇਜਣ ਅਤੇ ਵਾਰੰਟੀ ਅਤੇ ਤਕਨੀਕੀ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਲਈ ਤੁਹਾਡਾ ਨਾਂ, ਡਾਕ ਪਤਾ, ਸੰਪਰਕ ਜਾਣਕਾਰੀ ਅਤੇ ਇਸ ਅਰਜ਼ੀ 'ਤੇ ਦਿੱਤੀ ਗਈ ਸਵੈ-ਰਿਪੋਰਟ ਕੀਤੀ ਅਸਮਰੱਥਤਾ ਟੇਕੇਦਾਰ ਵਿਕਰੇਤਾ ਨੂੰ ਪ੍ਰਦਾਨ ਕਰਨ ਲਈ ਅਧਿਕਾਰਤ ਕਰਦੇ ਹੋ।

ਸੈਕਸ਼ਨ 4. ਗਾਹਕ ਦਸਤਖ਼ਤ

ਮੈਂ ਸਮਝਦਾ/ਸਮਝਦੀ ਹਾਂ ਕਿ ਮੈਨੂੰ ਬਿਨਾਂ ਕਿਸੇ ਲਾਗਤ ਦੇ ਮਿਲਣ ਵਾਲਾ ਉਪਕਰਣ ਮੈਨੂੰ ਉਧਾਰ 'ਤੇ ਹੈ ਅਤੇ ਵਾਸ਼ਿੰਗਟਨ ਸਟੇਟ ਦੀ ਸੰਪਤੀ ਬਣਿਆ ਰਹਿੰਦਾ ਹੈ।

ਮੈਂ ਸਮਝਦਾ/ਸਮਝਦੀ ਹਾਂ ਕਿ ਮੈਨੂੰ ਉਪਕਰਣ ਨੂੰ ਨੁਕਸਾਨ ਤੋਂ ਸੁਰੱਖਿਅਤ ਰੱਖਣਾ ਲਾਜ਼ਮੀ ਹੈ। ਮੈਨੂੰ ਇਸ ਨੂੰ ਅਜਿਹੇ ਨੁਕਸਾਨ ਤੋਂ ਬਚਾਉਣਾ ਚਾਹੀਦਾ ਹੈ ਜੋ ਮੀਂਹ, ਗਰਮੀ, ਅਤੇ ਭੌਤਿਕ ਦੁਰਵਰਤੋਂ ਕਾਰਨ ਹੋ ਸਕਦਾ ਹੈ।

ਮੈਂ ਸਮਝਦਾ/ਸਮਝਦੀ ਹਾਂ ਕਿ ਜੇਕਰ ਮੈਂ ਉਪਕਰਣ ਦੀ ਦੁਰਵਰਤੋਂ ਕਰਦਾ/ਕਰਦੀ ਹਾਂ, ਤਾਂ ਹੋ ਸਕਦਾ ਹੈ ਕਿ ਮੈਂ ਬਦਲਵਾਂ ਉਪਕਰਣ ਪ੍ਰਾਪਤ ਕਰਨ ਦੇ ਯੋਗ ਨਹੀਂ ਹੋਵਾਂ।

ਜੇਕਰ ਉਪਕਰਣ **ਗੁੰਮ ਜਾਂ ਚੋਰੀ** ਹੋ ਜਾਂਦਾ ਹੈ, ਤਾਂ ਮੈਂ ਇਸ ਦੀ ਰਿਪੋਰਟ TED ਪ੍ਰੋਗਰਾਮ ਨੂੰ ਕਰਾਂਗਾ/ਕਰਾਂਗੀ, ਅਤੇ ਮੈਂ ਇਸ ਦੀ ਰਿਪੋਰਟ ਪੁਲਿਸ ਨੂੰ ਕਰਾਂਗਾ/ਕਰਾਂਗੀ। ਮੈਂ ਸਮਝਦਾ/ਸਮਝਦੀ ਹਾਂ ਕਿ ਮੈਨੂੰ TED ਪ੍ਰੋਗਰਾਮ ਨੂੰ ਪੁਲਿਸ ਰਿਪੋਰਟ ਦੀ ਇੱਕ ਕਾਪੀ ਪ੍ਰਦਾਨ ਕਰਨੀ ਹੋਵੇਗੀ।

ਜੇਕਰ ਮੈਂ ਘਰ ਬਦਲਦਾ/ਬਦਲਦੀ ਹਾਂ, ਤਾਂ ਮੈਂ TED ਪ੍ਰੋਗਰਾਮ ਨੂੰ ਆਪਣੇ ਨਵੇਂ ਪਤੇ ਅਤੇ ਫ਼ੋਨ ਨੰਬਰ ਬਾਰੇ ਸੂਚਿਤ ਕਰਾਂਗਾ/ਕਰਾਂਗੀ।

ਜੇਕਰ ਮੈਂ ਵਾਸ਼ਿੰਗਟਨ ਸਟੇਟ ਤੋਂ ਬਾਹਰ ਜਾਂਦਾ/ਜਾਂਦੀ ਹਾਂ, ਤਾਂ ਮੈਂ ਸਮਝਦਾ/ਸਮਝਦੀ ਹਾਂ ਕਿ ਮੈਨੂੰ ਵਾਸ਼ਿੰਗਟਨ ਸਟੇਟ ਛੱਡਣ ਤੋਂ ਪਹਿਲਾਂ TED ਉਪਕਰਣ ਵਾਪਸ ਕਰਨਾ ਪੈ ਸਕਦਾ ਹੈ।

ਮੈਂ ਸਮਝਦਾ/ਸਮਝਦੀ ਹਾਂ ਕਿ ਮੈਨੂੰ ਕਿਸੇ ਵੀ ਕਾਰਨ ਵਜੋਂ ਕਿਸੇ ਨੂੰ ਵੀ ਉਪਕਰਣ ਵੇਚਣ, ਗਿਰਵੀ ਰੱਖਣ, ਜਾਂ ਉਧਾਰ ਦੇਣ ਦਾ ਹੱਕ ਨਹੀਂ ਹੈ।

ਜੇਕਰ ਉਪਕਰਣ **ਟੁੱਟ ਜਾਂਦਾ** ਹੈ, ਤਾਂ ਮੈਂ ਇਸ ਨੂੰ ਆਪਣੇ ਆਪ ਠੀਕ ਕਰਨ ਦੀ ਕੋਸ਼ਿਸ਼ ਨਹੀਂ ਕਰਾਂਗਾ/ਕਰਾਂਗੀ। ਮੈਂ ਹਿਦਾਇਤਾਂ ਲਈ TED ਪ੍ਰੋਗਰਾਮ ਨਾਲ ਸੰਪਰਕ ਕਰਾਂਗਾ/ਕਰਾਂਗੀ।

ਮੈਂ ਸਮਝਦਾ/ਸਮਝਦੀ ਹਾਂ ਕਿ ਜੇਕਰ ਮੈਨੂੰ iPad ਨਾਲ ਸਮੱਸਿਆਵਾਂ ਹੁੰਦੀਆ ਹਨ, ਤਾਂ ਠੀਕ ਕਰਨ ਦੀਆਂ ਸਾਰੀਆਂ ਸੇਵਾਵਾਂ TED ਪ੍ਰੋਗਰਾਮ ਦੇ ਪ੍ਰਤੀਨਿਧੀ ਜਾਂ "Teltex" ਦੁਆਰਾ iPad ਬਾਕਸ ਵਿੱਚ/ਉੱਤੇ ਦਿੱਤੀਆਂ ਗਈਆਂ ਹਿਦਾਇਤਾਂ ਦੇ ਅਨੁਸਾਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ

ਮੈਂ ਸਮਝਦਾ/ਸਮਝਦੀ ਹਾਂ ਕਿ ਮੈਂ iPad ਨੂੰ Apple ਸਟੋਰ 'ਤੇ ਨਹੀਂ ਲੈ ਜਾ ਸਕਦਾ/ਸਕਦੀ ਅਤੇ ਮੈਂ TED ਪ੍ਰੋਗਰਾਮ iPad 'ਤੇ ਸਹਾਇਤਾ ਲਈ Apple Care ਨਾਲ ਸੰਪਰਕ ਨਹੀਂ ਕਰ ਸਕਦਾ/ਸਕਦੀ।

ਮੈਂ ਸਮਝਦਾ/ਸਮਝਦੀ ਹਾਂ ਕਿ iPad ਨੂੰ ਉਸ ਸੁਰੱਖਿਆਤਮਕ ਕੇਸ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਜਿਸ ਵਿੱਚ ਇਹ ਆਉਂਦਾ ਹੈ।

ਮੈਂ ਸਮਝਦਾ/ਸਮਝਦੀ ਹਾਂ ਕਿ iPad ਦੂਰ-ਸੰਚਾਰ ਦੇ ਉਦੇਸ਼ਾਂ ਲਈ ਪ੍ਰਦਾਨ ਕੀਤਾ ਜਾ ਰਿਹਾ ਹੈ।

ਮੈਂ ਵਾਸ਼ਿੰਗਟਨ ਸਟੇਟ ਦੇ ਕਾਨੂੰਨਾਂ ਤਹਿਤ ਝੂਠੀ ਗਵਾਹੀ ਦੇ ਦੰਡ ਅਧੀਨ ਪ੍ਰਮਾਣਿਤ ਕਰਦਾ/ਕਰਦੀ ਹਾਂ (ਜਾਂ ਘੋਸ਼ਣਾ ਕਰਦਾ/ਕਰਦੀ ਹਾਂ) ਕਿ ਇਸ ਫਾਰਮ 'ਤੇ ਜਾਣਕਾਰੀ ਸੱਚੀ ਅਤੇ ਸਹੀ ਹੈ।

1. ਦਸਤਖ਼ਤ	ਤਾਰੀਖ਼
2. ਅਰਜ਼ੀ ਭਰਨ ਵਾਲਾ ਵਿਅਕਤੀ (ਜੇਕਰ ਬਿਨੈਕਾਰ ਤੋਂ ਵੱਖਰਾ ਹੈ) ਨਾਂ	ਰਿਸ਼ਤਾ
ਟੈਲੀਫ਼ੋਨ ਨੰਬਰ (ਏਰੀਆ ਕੋਡ ਸ਼ਾਮਿਲ ਕਰੋ) ☐ ਵੌਇਸ ☐ ਵੀਪੀ ☐ TTY	ਈ-ਮੇਲ ਪਤਾ

ਸੈਕਸ਼ਨ 5. ਪੇਸ਼ੇਵਰ ਪ੍ਰਮਾਣੀਕਰਨ

ਸੁਣਨ ਦੀ ਹਾਨੀ ਜਾਂ ਬੋਲਣ ਵਿੱਚ ਅਸਮਰੱਥਤਾ ਦੀ ਤਸਦੀਕ ਕਰਨ ਲਈ ਪੇਸ਼ੇਵਰ ਨੂੰ ਅਰਜ਼ੀ 'ਤੇ ਦਸਤਖ਼ਤ ਕਰਨਾ ਲਾਜ਼ਮੀ ਹੈ।

"ਪੇਸ਼ੇਵਰ" ਲਈ ਹਿਦਾਇਤਾਂ: ਬਿਨੈਕਾਰ ਦੀ ਸੁਣਨ ਦੀ ਹਾਨੀ ਜਾਂ ਬੋਲਣ ਵਿੱਚ ਅਸਮਰੱਥਤਾ ਦੀ ਪੁਸ਼ਟੀ ਕਰਨ ਲਈ ਤੁਹਾਨੂੰ ਵਾਸ਼ਿੰਗਟਨ ਸਟੇਟ ਵਿੱਚ ਕੰਮ ਕਰਨ ਲਈ ਅਧਿਕਾਰਤ ਹੋਣਾ ਲਾਜ਼ਮੀ ਹੈ। **ਹੇਠਾਂ ਦਸਤਖ਼ਤ ਕਰਕੇ, ਤੁਸੀਂ ਤਸਦੀਕ ਕਰਦੇ ਹੋ ਕਿ ਤੁਸੀਂ ਬਿਨੈਕਾਰ ਦੀ ਸੁਣਨ ਦੀ ਹਾਨੀ ਜਾਂ ਬੋਲਣ ਵਿੱਚ ਅਸਮਰੱਥਤਾ ਦੀ ਹੱਦ ਤੋਂ ਜਾਣੂ ਹੋ ਅਤੇ ਵਿਸ਼ਵਾਸ ਕਰਦੇ ਹੋ ਕਿ ਬਿਨੈਕਾਰ ਉੱਪਰ ਭਾਗ 3 ਵਿੱਚ ਮੰਗੇ ਗਏ ਉਪਕਰਣ ਤੋਂ ਲਾਭ ਪ੍ਰਾਪਤ ਕਰ ਸਕਦਾ ਹੈ।**

ਜੇਕਰ ਬਿਨੈਕਾਰ ਨੂੰ ਵਿਸ਼ੇਸ਼ ਦੂਰਸੰਚਾਰ ਉਪਕਰਣਾਂ ਦੀ ਲੋੜ ਹੈ ਤਾਂ TED ਪ੍ਰੋਗਰਾਮ ਨਾਲ ਸੰਪਰਕ ਕਰੋ।

1. ਪੇਸ਼ੇਵਰ ਦੀ ਜਾਣਕਾਰੀ:
   - ☐ ਡਾਕਟਰ
   - ☐ ਔਡੀਓਲੋਜਿਸਟ
   - ☐ ਸੁਣਨ-ਅਸਮਰੱਥਾ ਵਿਸ਼ੇਸ਼ੱਗ
   - ☐ ਗੈਰ-ਲਾਭਕਾਰੀ ਸੰਸਥਾ ਨੁਮਾਇੰਦਾ
   - ☐ ਸੁਣਨ ਸਹਾਇਕ ਫਿੱਟਰ / ਵਿਤਰਕ
   - ☐ ਰਾਜ ਏਜੰਸੀ ਕਰਮਚਾਰੀ
   - ☐ ਕਿੱਤਾਮੁਖੀ ਪੁਨਰਵਾਸ ਸਲਾਹਕਾਰ
   - ☐ ਸੁਣਨ-ਦੇਖਣ ਅਸਮਰੱਥਾ ਵਿਸ ਸ਼ੇਸ਼ੱਗ
   - ☐ ਕਿੱਤਾਮੁਖੀ ਥੈਰਾਪਿਸਟ
   - ☐ ਬੋਲੀ ਰੋਗ ਵਿਸ਼ੇਸ਼ੱਗ
   - ☐ ਹੋਰ:

ਪ੍ਰੋਗਰਾਮ ਮੁਲਾਂਕਣ ਲਈ ਪੇਸ਼ੇਵਰ ਦੀ ਸੰਪਰਕ ਜਾਣਕਾਰੀ ਲੋੜੀਂਦੀ ਹੈ (ਫੋਨ ਨੰਬਰ ਅਤੇ/ਜਾਂ ਈਮੇਲ ਪਤਾ)।

2. ਪੇਸ਼ੇਵਰ ਪ੍ਰਮਾਣੀਕਰਨ
   ਦਸਤਖ਼ਤ ਤਾਰੀਖ਼

ਲਿਖਿਆ ਗਿਆ ਨਾਂ ਅਤੇ ਅਹੁਦਾ

ਟੈਲੀਫੋਨ ਨੰਬਰ

ਈਮੇਲ ਪਤਾ

ਲਾਇਸੰਸ / ਸਰਟੀਫਿਕੇਟ ਨੰਬਰ (ਜੇ ਲਾਗੂ ਹੋਵੇ)